**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

**ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ**

ਨੰ......887....../ਡਸ

ਮਿਤੀ......25-4-25

---

ਪ੍ਰਿੰਸੀਪਲ ਸਾਹਿਬਾਨ
ਸਮੂਹ ਸੰਬੰਧਿਤ ਕਾਲਜ

ਵਿਸ਼ਾ: ਸੈਸ਼ਨ 2025-26 ਲਈ ਵੱਖ-ਵੱਖ ਕਾਲਜਾਂ ਨੂੰ ਸਪੋਰਟਸ ਵਿੰਗ ਦੇਣ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਯੂਨੀਵਰਸਿਟੀ ਨਾਲ ਸੰਬੰਧਿਤ ਸਾਰੇ ਕਾਲਜਾਂ ਦੇ ਖਿਡਾਰੀਆਂ ਨੂੰ ਉਹਨਾਂ ਦਾ ਖੇਡ ਪੱਧਰ ਉੱਚਾ ਚੁੱਕਣ ਲਈ, ਆਪ ਜੀ ਦੇ ਸਹਿਯੋਗ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਇਹ ਖਿਡਾਰੀ ਨਾ ਸਿਰਫ਼ ਅੰਤਰਵਰਸਿਟੀ ਤੇ ਰਾਸ਼ਟਰੀ ਮੁਕਾਬਲਿਆਂ ਵਿਚ ਵੱਧ ਤੋਂ ਵੱਧ ਮੈਡਲ ਪ੍ਰਾਪਤ ਕਰਨ ਸਗੋਂ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਵੀ ਪੁਜੀਸ਼ਨਾਂ ਪ੍ਰਾਪਤ ਕਰਨ ਦੇ ਯੋਗ ਬਣ ਸਕਣ। ਇਸੇ ਲੜੀ ਤਹਿਤ ਵਿਭਾਗ ਵੱਲੋਂ ਸੈਸ਼ਨ 2025-26 ਦੌਰਾਨ ਵੱਖ ਵੱਖ ਕਾਲਜਾਂ ਵਿਖੇ, ਜਿੱਥੇ ਕਿ ਖੇਡਾਂ ਦਾ ਲੋੜੀਂਦਾ ਇਨਫਰਾਸਟਰਕਚਰ ਮੌਜੂਦ ਹੈ, ਖੇਡਾਂ ਦੇ ਸਪੋਰਟਸ ਵਿੰਗ ਦਿੱਤੇ ਜਾਣੇ ਹਨ। ਸਪੋਰਟਸ ਵਿੰਗ ਲਈ ਉਸੇ ਕਾਲਜ ਨੂੰ ਹੀ ਚੁਣਿਆ ਜਾਵੇਗਾ ਜੋ ਕਿ ਯੂਨੀਵਰਸਿਟੀ ਵਲੋਂ ਨਿਰਧਾਰਿਤ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇਗਾ;

1) ਖਿਡਾਰੀਆਂ ਨੂੰ ਕਾਲਜ ਵਲੋਂ ਮੁਫਤ ਰਿਹਾਇਸ਼ ਮੁਹੱਈਆ ਕਰਵਾਈ ਜਾਵੇਗੀ।
2) ਕਾਲਜ ਵੱਲੋਂ ਖਿਡਾਰੀਆਂ ਦੀਆਂ ਪੂਰੀਆਂ ਫੀਸਾਂ ਅਤੇ ਫੰਡਜ਼ ਮੁਆਫ਼ ਕੀਤੇ ਜਾਣਗੇ।
3) ਸਪੋਰਟਸ ਵਿੰਗ ਲਈ ਚੁਣੇ ਗਏ ਖਿਡਾਰੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਡਾਈਟ ਦੀ ਅਦਾਇਗੀ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤੀ ਜਾਵੇਗੀ।
4) ਖਿਡਾਰੀਆਂ ਲਈ ਕੋਚਿੰਗ ਦਾ ਪ੍ਰਬੰਧ ਕਾਲਜ ਆਪਣੇ ਪੱਧਰ ਤੇ ਕਰੇਗਾ।
5) ਡਾਇਰੈਕਟਰ ਸਪੋਰਟਸ ਵਲੋਂ ਗਠਿਤ ਕਮੇਟੀ ਦੁਆਰਾ ਖਿਡਾਰੀਆਂ ਦੀ ਪ੍ਰਗਤੀ ਸਮੇਂ-ਸਮੇਂ ਤੇ ਚੈੱਕ ਕੀਤੀ ਜਾਇਆ ਕਰੇਗੀ।

ਪ੍ਰਿੰਸੀਪਲ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਕਾਲਜ ਲਈ ਖੇਡ ਵਿੰਗ ਲੈਣ ਸਬੰਧੀ ਤਜਵੀਜ ਮਿਤੀ 09/05/2025 ਨੂੰ (ਸ਼ਾਮ 5.00 ਵਜੇ ਤੱਕ) ਵਿਭਾਗ ਦੀ ਈ.ਮੇਲ dirsports@pbi.ac.in 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।

25/4/2025
ਡਾਇਰੈਕਟਰ ਸਪੋਰਟਸ